# PC–9802/NJ

**F–38/2110**

## ਪੰਜਾਬੀ ਲਾਜ਼ਮੀ (ਮੁੱਢਲਾ ਗਿਆਨ)–301(A)

(Semester–III)

(Syllabus December, 2019)

Time : Three Hours] [Maximum Marks : 35

### ਭਾਗ-ੳ

I. ਕੋਈ ਦੋ ਕਵਿਤਾਵਾਂ ਦਾ ਸਾਰ ਲਿਖੋ :

(ੳ) ਇਸ਼ਕ ਦੀ ਨਵੀਉਂ ਨਵੀਂ ਬਹਾਰ।

(ਅ) ਜੰਗਨਾਮਾ।

(ੲ) ਮੇਲੇ ਵਿੱਚ ਜੱਟ।

(ਸ) ਅੱਜ ਆਖਾਂ ਵਾਰਸ ਸ਼ਾਹ ਨੂੰ।

(ਹ) ਗ਼ਜ਼ਲ : ਜਗਤਾਰ। 2×2=4

II. ਕਿਸੇ *ਇਕ* ਕਾਵਿ-ਟੋਟੇ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :

(ੳ) ਕੂਕੇ ਮਾਰ ਹੀ ਮਾਰ ਕੇ ਪਕੜ ਛਮਕਾਂ,
ਪਰੀ ਆਦਮੀ ਤੇ ਕਹਿਰਵਾਨ ਹੋਈ
ਰਾਂਝੇ ਉੱਠ ਕੇ ਆਖਿਆ, 'ਵਾਹ ਸੱਜਣ!'
ਹੀਰ ਹੱਸ ਕੇ ਤੇ ਮੇਹਰਬਾਨ ਹੋਈ।

(ਅ) ਲਗ ਵੇਲਾਂ ਗਲ ਕਲੀਆਂ,
ਲਗ ਕਲੀਆਂ ਗਲ ਗੰਧਾਂ ਸੁੱਤੀਆਂ,
ਨੀਂਦ ਵਲੇਵੇ ਵਲੀਆਂ।

(ੲ) ਕਤਲ ਹੋਏ ਜਜ਼ਬਿਆਂ ਦੀ ਕਸਮ ਖਾ ਕੇ
ਬੁਝੀਆਂ ਹੋਈਆਂ ਨਜ਼ਰਾਂ ਦੀ ਕਸਮ ਖਾ ਕੇ
ਹੱਥਾਂ ਤੇ ਪਏ ਰੱਟਣਾ ਦੀ ਕਸਮ ਖਾ ਕੇ। 2

## ਭਾਗ-ਅ

III. ਹੇਠਾਂ ਦਿੱਤੇ ਗਏ 15 ਅਸ਼ੁੱਧ ਸ਼ਬਦਾਂ ਵਿਚੋਂ ਕੋਈ *ਦਸ* ਸ਼ਬਦਾਂ ਨੂੰ ਸ਼ੁੱਧ ਕਰਕੇ ਲਿਖੋ :

ਔਸ, ਪਰਭੂ, ਸਨਤ, ਮੂਦਾ, ਨੀਬੂ, ਸਯਾਨੀ, ਚਰਣ, ਬੌਹਤ, ਟਮੈਟਰ, ਬਸੰਤੀ, ਪਤਿ, ਯੰਤ੍ਰ, ਪੰਛੀ, ਕੀਉਂ, ਧਰਮਆਤਮਾ। 5

IV. ਹੇਠਾਂ ਦਿੱਤੇ ਪੈਰ੍ਹੇ ਵਿੱਚ ਵਿਸ਼ਰਾਮ ਚਿੰਨ੍ਹਾਂ ਦੀ ਵਰਤੋ ਕਰੋ :

ਸ਼ੇਰ ਬੱਗਿਆ ਤੇਰੇ ਪਿਉ ਤੇ ਤੇਰੇ ਦਾਦੇ ਨੇ ਬੜੀ ਮੇਹਨਤ ਕੀਤੀ ਸੀ ਉਹਨਾਂ 'ਚ ਤਾਂ ਕੋਹੀ ਅਲੋਕਾਰੀ ਸ਼ਕਤੀ ਸੀ ਤੇਰੇ ਬਾਬੇ ਵਿਸਾਖਾ ਸਿਹੁੰ ਦੇ ਕੀਤੇ ਕੰਮ ਦੀਆਂ ਤਾਂ ਪਿੰਡ 'ਚ ਹਜੇ ਗੱਲਾਂ ਹੁੰਦੀਆਂ ਆਹ ਪੰਜ ਕਿੱਲਿਆਂ ਦਾ ਟੱਕ ਜੀਹਦੇ 'ਚੋਂ ਤੂੰ ਕਿੱਲਾ ਵੇਚਣ ਲੱਗੈ ਐਥੇ ਬਾਹਲਾ ਈ ਵੱਡਾ ਟਿੱਬਾ ਸੀ ਜਦੋਂ ਵਿਸਾਖਾ ਸਿਹੁੰ ਨੇ ਟਿੱਬਾ ਮੁੱਲ ਲਿਆ ਤਾਂ ਲੋਕ ਕਹਿਣ ਵਿਸਾਖੇ ਦਾ ਦਿਮਾਗ ਹਿੱਲ ਗਿਆ ਐਡੇ ਟਿੱਬੇ ਦਾ ਕੀ ਕਰੂ 4

V. ਹੇਠਾਂ ਦਿੱਤੇ ਵਿਸ਼ੇ ਤੇ ਪੈਰ੍ਹਾ ਲਿਖੋ :

ਕਾਲਜ ਵਿੱਚ ਸਲਾਨਾ ਸਮਾਗਮ। 5

**ਭਾਗ–ੲ**

VI. ਹੇਠ ਲਿਖੇ ਸਾਰੇ ਪ੍ਰਸ਼ਨਾਂ ਦੇ ਉੱਤਰ ਸੰਖੇਪ ਵਿੱਚ ਦਿਓ :

1. 'ਪੰਚ ਰਾਸੀ' ਦੇ ਕੀ ਭਾਵ ਹਨ?
2. ਰਮਜ਼ ਦਾ ਕੀ ਅਰਥ ਹੈ?
3. ਵਾਰਿਸ ਸ਼ਾਹ ਦੀ ਹੀਰ ਕਿਹੜੇ ਛੰਦ ਵਿੱਚ ਹੈ?
4. ਸ਼ਾਮ ਸਿੰਘ ਅਟਾਰੀ ਵਾਲਾ ਕੌਣ ਸੀ?
5. ਵੈਰੀ ਨਾਗ ਕਿੱਥੇ ਹੈ?

6. ਛਿੰਝ ਕੀ ਹੁੰਦੀ ਹੈ?

7. ਪ੍ਰੋ: ਪੂਰਨ ਸਿੰਘ ਨੇ ਕਿਸ ਛੰਦ ਵਿੱਚ ਲਿਖਿਆ?

8. ਤਾਜ ਮਹੱਲ ਕਿਸ ਦੀ ਰਚਨਾ ਹੈ?

9. ਲੁੱਡਣ ਮਲਾਹ ਕੌਣ ਸੀ?

10. ਕਵਿਤਾ ਦਾ ਪਾਤਰ ਹਰਿਮੰਦਰ ਸਾਹਿਬ ਮੱਥਾ ਟੇਕਣ ਕਿਉਂ ਜਾਣਾ ਚਾਹੁੰਦਾ ਹੈ?

11. ਮੁਸੱਲਸਲ ਗ਼ਜ਼ਲ ਕਿਸ ਨੂੰ ਆਖਦੇ ਹਨ?

12. *'ਬਿਹਰੋਂ ਦਾ ਕਵੀ'* ਕਿਸ ਕਵੀ ਨੂੰ ਆਖਿਆ ਜਾਂਦਾ ਹੈ?

13. ਸੁਰਜੀਤ ਪਾਤਰ ਦੀਆਂ ਕੋਈ *ਦੋ* ਕਾਵਿ-ਪੁਸਤਕਾਂ ਦੇ ਨਾਂ ਲਿਖੋ।

14. ਪਾਸ਼ ਕਿਸ ਕਾਵਿ ਧਾਰਾ ਦਾ ਕਵੀ ਸੀ?

15. ਗੀਤ ਦੀ ਪਰਿਭਾਸ਼ਾ ਦਿਓ। 15×1=15

---